# "ਤੁਸੀਂ ਆਪਣੇ ਬੱਚੇ ਨੂੰ ਸਭ ਤੋਂ ਵਧੀਆ ਜਾਣਦੇ ਹੋ" - ਇੱਕ ਸਬਕ ਜੋ ਮੈਂ ਬੜੇ ਮੁਸ਼ਕਿਲ ਤਰੀਕੇ ਨਾਲ ਸਿੱਖਿਆ ਸੀ

ਮੈਂ "ਉਹ ਮਾਂ" ਬਣਨ ਲਈ ਤਿਆਰ ਨਹੀਂ ਸੀ। ਉਹ ਜੋ ਲਗਾਤਾਰ ਜ਼ੋਰ ਲਗਾਉਂਦੀ ਰਹਿੰਦੀ ਹੈ। ਉਹ ਜੋ ਪੇਸ਼ੇਵਰਾਂ 'ਤੇ ਸਵਾਲ ਉਠਾਉਂਦੀ ਹੈ। ਉਹ ਜੋ "ਉਹ ਤੰਦਰੁਸਤ ਹੈ" ਨੂੰ ਪੂਰੇ ਜਵਾਬ ਵਜੋਂ ਨਹੀਂ ਲੈਂਦੀ। ਪਰ ਜਦੋਂ ਤੁਹਾਡੇ ਬੱਚੇ ਦੀ ਗੱਲ ਆਉਂਦੀ ਹੈ, ਤਾਂ ਤੁਸੀਂ ਕੋਈ ਅਜਿਹਾ ਵਿਅਕਤੀ ਬਣ ਜਾਂਦੇ ਹੋ ਜਿਸ ਦੀ ਤੁਸੀਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ- ਕਿਉਂਕਿ ਤੁਹਾਨੂੰ "ਇਹ ਕਰਨਾ ਹੀ ਪੈਣਾ ਹੈ"।

ਮੇਰੇ ਬੇਟੇ ਦਾ ਜਨਮ 28 ਹਫ਼ਤਿਆਂ 'ਤੇ ਹੋਇਆ ਸੀ। ਛੋਟਾ ਜਿਹਾ, ਨਾਜ਼ੁਕ, ਅਤੇ ਫਿਰ ਵੀ ਪਹਿਲਾਂ ਤੋਂ ਹੀ ਇੱਕ ਲੜਾਕੂ। ਅਸੀਂ NICU1 ਵਿੱਚ ਕਈ ਮਹੀਨੇ ਬਿਤਾਏ ਅਸੀਂ ਉਸ ਦੀਆਂ ਅੱਖਾਂ ਵਿੱਚ ਵੇਖਣ ਨਾਲੋਂ ਜ਼ਿਆਦਾ ਮੌਨੀਟਰਾਂ ਵੱਲ ਹੀ ਵੇਖਦੇ ਰਹੇ। ਇਸ ਲਈ, ਜਦੋਂ ਅਸੀਂ ਆਖਰਕਾਰ ਉਸ ਨੂੰ ਘਰ ਲੈ ਕੇ ਆਏ, ਤਾਂ ਅਸੀਂ ਹਰ ਮੀਲ ਪੱਥਰ ਨਾਲ ਇਸ ਤਰ੍ਹਾਂ ਜੁੜ ਗਏ ਜਿਵੇਂ ਇਹ ਕੋਈ ਚਮਤਕਾਰ ਹੋਵੇ। ਅਤੇ ਉਹ "ਉਸ ਦੇ" ਚਮਤਕਾਰ ਸਨ।

ਪਰ ਮੇਰੇ ਅੰਦਰ ਕੁਝ ਅਜਿਹਾ ਮਹਿਸੂਸ ਹੁੰਦਾ ਸੀ ਕਿ ਚੀਜ਼ਾਂ ਬਿਲਕੁਲ ਉਸ ਤਰ੍ਹਾਂ ਨਹੀਂ ਸਨ ਜਿਵੇਂ ਹੋਣੀਆਂ ਚਾਹੀਦੀਆਂ ਸਨ। ਜਿਵੇਂ-ਜਿਵੇਂ ਮਹੀਨੇ ਬੀਤਦੇ ਗਏ, ਮੈਂ ਵਿਕਾਸ ਵਿੱਚ ਦੇਰੀ ਵੇਖਣੀ ਸ਼ੁਰੂ ਕਰ ਦਿੱਤੀ - ਉਹ ਹੋਰ ਬੱਚਿਆਂ ਵਾਂਗ ਨਹੀਂ ਤੁਤਲਾ ਰਿਹਾ ਸੀ, ਜਦੋਂ ਉਸਦੇ ਸਾਥੀ ਰਿੜ੍ਹ ਰਹੇ ਸਨ ਤਾਂ ਉਹ ਬਿਨਾਂ ਕਿਸੇ ਸਹਾਇਤਾ ਦੇ ਬੈਠ ਨਹੀਂ ਸੀ ਸਕਦਾ, ਅਤੇ ਅੱਖਾਂ ਦਾ ਸੰਪਰਕ ਬਹੁਤ ਥੋੜ੍ਹਾ ਜਿਹਾ ਸੀ। ਉੱਠਣ ਵਾਲੇ ਹਰ ਲਾਲ ਝੰਡੇ ਵਾਲੇ ਸਵਾਲ ਦਾ ਇੱਕੋ ਵਾਕ ਨਾਲ ਜਵਾਬ ਦਿੱਤਾ ਗਿਆ ਸੀ: "ਉਹ 28 ਹਫ਼ਤਿਆਂ ਲਈ ਬਹੁਤ ਵਧੀਆ ਪ੍ਰਦਰਸ਼ਨ ਕਰ ਰਿਹਾ ਹੈ।"

ਪਹਿਲਾਂ ਤਾਂ ਮੈਂ ਇਸ ਨੂੰ ਮੰਨ ਲਿਆ। ਬੇਸ਼ਕ, ਉਹ ਬਾਕੀਆਂ ਨਾਲੋਂ ਥੋੜ੍ਹਾ ਪਿੱਛੇ ਰਹਿਣ ਜਾ ਰਿਹਾ ਸੀ। ਮੈਂ ਆਪਣੇ ਆਪ ਨੂੰ ਸਬਰ ਰੱਖਣ ਲਈ ਕਿਹਾ, ਤੁਲਨਾ ਕਰਨਾ ਬੰਦ ਕਰਨ ਲਈ ਕਿਹਾ। ਪਰ ਅੰਦਰੋਂ-ਅੰਦਰੀ, ਬੇਚੈਨੀ ਵਧਦੀ ਗਈ।

ਮੈਂ ਨੋਟ ਰੱਖਣੇ ਸ਼ੁਰੂ ਕਰ ਦਿੱਤੇ-ਵੀਡੀਓ, ਫ਼ੋਟੋਆਂ, ਸਮੇਂ-ਸਾਰਣੀਆਂ। ਮੈਂ ਉਨ੍ਹਾਂ ਨੂੰ ਸਾਡੀਆਂ ਬੱਚਿਆਂ ਦੇ ਡਾਕਟਰ ਦੀਆਂ ਨਿਯਮਤ ਮੁਲਾਕਾਤਾਂ 'ਤੇ ਨਾਲ ਲੈ ਕੇ ਗਈ। ਮੈਂ ਆਪਣੀਆਂ ਚਿੰਤਾਵਾਂ ਜ਼ਾਹਰ ਕੀਤੀਆਂ, ਪਹਿਲਾਂ ਝਿਜਕਦੇ ਹੋਏ, ਪਰ ਹਰ ਵਾਰ ਹੋਰ ਉੱਚੀ।

ਇੱਕ ਤੋਂ ਵੱਧ ਵਾਰ ਮੇਰੀ ਗੱਲ ਨਹੀਂ ਮੰਨੀ ਗਈ ਸੀ।

"ਉਹ ਦੂਜਿਆਂ ਦੇ ਨਾਲ ਰਲ ਜਾਵੇਗਾ।"
"ਮੁੰਡੇ ਹੌਲੀ-ਹੌਲੀ ਸਿਆਣੇ ਹੁੰਦੇ ਹਨ।"
"ਤੁਸੀਂ ਇਸ ਬਾਰੇ ਬਹੁਤ ਜ਼ਿਆਦਾ ਸੋਚ ਰਹੇ ਹੋ।"
"ਕੁਝ ਮਾਵਾਂ ਸਿਰਫ ਸਹਾਇਤਾ ਫੰਡਾਂ ਤੱਕ ਪਹੁੰਚ ਕਰਨ ਲਈ ਰੋਗ ਦਾ ਪਤਾ ਲਗਾਉਣਾ ਚਾਹੁੰਦੀਆਂ ਹਨ।"

ਇਸ ਆਖਰੀ ਗੱਲ ਨਾਲ ਬਹੁਤ ਝਟਕਾ ਲੱਗਿਆ।

ਮੈਂ ਫੰਡਾਂ ਦੀ ਭਾਲ ਨਹੀਂ ਕਰ ਰਹੀ ਸੀ- ਮੈਂ "ਜਵਾਬ" ਲੱਭ ਰਹੀ ਸੀ। ਮਾਰਗ ਦਰਸ਼ਨ ਲਈ। ਕਿਸੇ ਦੁਆਰਾ ਇਹ ਕਹਿਣ ਲਈ, "ਹਾਂ, ਮੈਂ ਉਹ ਵੇਖਦਾ ਹਾਂ ਜੋ ਤੁਸੀਂ ਵੇਖਦੇ ਹੋ। ਆਓ ਇਸ 'ਤੇ ਹੋਰ ਗੌਰ ਕਰੀਏ।" ਪਰ ਅਜਿਹਾ ਕਦੇ ਨਹੀਂ ਹੋਇਆ। ਘੱਟੋ ਘੱਟ ਪਹਿਲੀ ਵਾਰੀ ਤਾਂ ਨਹੀਂ।

ਆਖਰਕਾਰ, ਮੈਂ ਇੱਕ ਟੁੱਟਣ ਵਾਲੇ ਸਥਿਤੀ ਵਿੱਚ ਪਹੁੰਚ ਗਈ। ਮੈਂ ਦੂਜੀਆਂ ਰਾਏ ਲੈਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਵਿਕਾਸ ਦੇ ਅਧਿਐਨਾਂ ਨੂੰ ਪੜ੍ਹਨ ਵਿੱਚ ਘੰਟਿਆਂ ਬਿਤਾਏ ਜਦੋਂ ਤੱਕ ਮੇਰੀਆਂ ਅੱਖਾਂ ਵਿੱਚ ਧੁੰਦਲਾ ਨਹੀਂ ਦਿੱਸਣ ਲੱਗ ਪਿਆ। ਇਸ ਲਈ ਨਹੀਂ ਕਿ ਮੈਂ ਡਾਕਟਰਾਂ 'ਤੇ ਭਰੋਸਾ ਨਹੀਂ ਕਰਦੀ ਸੀ- ਪਰ ਇਸ ਲਈ ਕਿ ਉਹ "ਮੇਰੇ" 'ਤੇ ਭਰੋਸਾ ਨਹੀਂ ਕਰਦੇ ਸਨ।

ਅੰਤ ਵਿੱਚ, ਲਗਭਗ ਦੋ ਸਾਲਾਂ ਦੇ ਦਬਾਅ ਅਤੇ ਉਸ ਦੇ ਪਹਿਲੇ ਮਿਰਗੀ ਦੇ ਦੌਰੇ ਤੋਂ ਬਾਅਦ, ਸਾਨੂੰ ਪਹਿਲੀ ਵਾਰੀ ਰੋਗ ਦਾ ਪਤਾ ਲੱਗਿਆ: ਸਮੂਹਿਕ ਵਿਕਾਸ ਵਿੱਚ ਦੇਰੀ, ਦਿਮਾਗੀ ਲਕਵਾ ਅਤੇ ਮਿਰਗੀ। ਇਸ ਨੇ ਸਾਰੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ, ਪਰ ਇਸ ਨੇ ਸਾਨੂੰ ਇੱਕ ਢਾਂਚਾ ਦੇ ਦਿੱਤਾ। ਅਤੇ ਇਸ ਦੇ ਨਾਲ ਹੀ ਸ਼ੁਰੂਆਤੀ ਦਖ਼ਲਅੰਦਾਜ਼ੀ, ਇਲਾਜ ਅਤੇ ਉਸ ਕਿਸਮ ਦੀ ਸਹਾਇਤਾ ਆਈ ਜਿਸ ਲਈ ਮੈਂ ਬੇਨਤੀਆਂ ਕਰ ਰਹੀ ਸੀ।

ਮੈਨੂੰ ਯਾਦ ਹੈ ਕਿ ਮੈਂ ਪਹਿਲੇ ਦਿਨ ਆਪਣੇ ਬੇਟੇ ਦੇ ਨਵੇਂ ਬਾਲ ਰੋਗ ਮਾਹਰ ਨਾਲ ਰੋਈ ਸੀ - ਰੋਗ ਦਾ ਪਤਾ ਲੱਗਣ ਕਰਕੇ ਨਹੀਂ, ਬਲਕਿ ਇਸ ਲਈ ਕਿ ਕਿਸੇ ਨੇ ਆਖਰਕਾਰ ਉਸ ਨੂੰ "ਦੇਖਿਆ" ਸੀ। ਉਸ ਨੇ "ਸਾਨੂੰ" ਵੇਖਿਆ ਅਤੇ ਮੈਨੂੰ ਦੱਸਿਆ ਕਿ ਹੁਣ ਮੈਂ ਮਾਂ ਬਣ ਸਕਦੀ ਹਾਂ ਅਤੇ ਆਪਣੇ ਬੇਟੇ ਦੀ ਦੇਖਭਾਲ ਕਰ ਸਕਦੀ ਹਾਂ, ਉਹ ਡਾਕਟਰੀ ਪਾਸੇ ਦਾ ਤਾਲਮੇਲ ਕਰੇਗੀ।

ਹੁਣ, ਸਾਲਾਂ ਬਾਅਦ, ਉਹ ਆਪਣੇ ਸੁੰਦਰ, ਵਿਲੱਖਣ ਤਰੀਕੇ ਨਾਲ ਖੁਸ਼ਹਾਲ ਹੋ ਰਿਹਾ ਹੈ। ਉਸ ਕੋਲ ਅਜੇ ਵੀ ਆਪਣੀਆਂ ਚੁਣੌਤੀਆਂ ਹਨ, ਪਰ ਉਸ ਨੇ ਉਹ ਤਰੱਕੀ ਕੀਤੀ ਹੈ ਜਿਸ ਦੀ ਕਿਸੇ ਨੇ ਉਮੀਦ ਨਹੀਂ ਕੀਤੀ ਸੀ। ਅਤੇ ਇਸ ਸਭ ਰਾਹੀਂ, ਮੈਂ ਸਭ ਤੋਂ ਉੱਪਰ ਇੱਕ ਚੀਜ਼ ਸਿੱਖੀ ਹੈ:

"ਤੁਸੀਂ ਆਪਣੇ ਬੱਚੇ ਨੂੰ ਸਭ ਤੋਂ ਵਧੀਆ ਜਾਣਦੇ ਹੋ।"

ਇਹ ਵਾਕ ਇੱਕ ਅਜੀਬ ਲਾਈਨ ਵਾਂਗ ਮਹਿਸੂਸ ਹੁੰਦਾ ਸੀ। ਪਰ ਹੁਣ, ਮੈਂ ਇਸ ਨੂੰ ਢਾਲ ਵਾਂਗ ਹੱਥ ਵਿੱਚ ਫੜ੍ਹਦੀ ਹਾਂ। ਕੋਈ ਵੀ ਤੁਹਾਡੇ ਬੱਚੇ ਨਾਲ ਤੁਹਾਡੇ ਤੋਂ ਵਧੇਰੇ ਸਮਾਂ ਨਹੀਂ ਬਿਤਾਉਂਦਾ। ਕੋਈ ਵੀ ਉਹ ਨਹੀਂ ਵੇਖਦਾ ਜੋ ਤੁਸੀਂ ਦਿਨ-ਰਾਤ ਵੇਖਦੇ ਹੋ। ਤੁਹਾਡੀਆਂ ਪ੍ਰਵਿਰਤੀਆਂ "ਅਸਲ" ਹਨ, ਅਤੇ ਉਹ "ਜਾਇਜ਼" ਹਨ।

ਜੇ ਤੁਸੀਂ ਇਸ ਨੂੰ ਪੜ੍ਹ ਰਹੇ ਇੱਕ ਮਾਪੇ ਹੋ ਜੋ ਇਹ ਮਹਿਸੂਸ ਕਰਦੇ ਹਨ ਕਿ ਉਹ ਖਲਾਅ ਵਿੱਚ ਚੀਕਾਂ ਮਾਰ ਰਹੇ ਹਨ, ਤਾਂ ਮੈਨੂੰ ਉਹ ਆਵਾਜ਼ ਬਣਨ ਦਿਓ ਜੋ ਵਾਪਸ ਗੂੰਜਦੀ ਹੈ: "ਬੱਸ ਤੁਰਦੇ ਰਹੋ।" ਆਪਣੇ ਆਪ 'ਤੇ ਭਰੋਸਾ ਕਰੋ। ਸਵਾਲ ਪੁੱਛਣ ਤੋਂ ਨਾ ਡਰੋ। ਜ਼ੋਰ ਪਾਉਣ ਤੋਂ ਨਾ ਡਰੋ। ਤੁਸੀਂ ਮੁਸ਼ਕਿਲ ਸੁਭਾਅ ਵਾਲੇ ਨਹੀਂ ਹੋ- ਤੁਸੀਂ "ਸਮਰਪਿਤ" ਹੋ।

ਅਤੇ ਪੇਸ਼ੇਵਰਾਂ ਨੂੰ: ਕਿਰਪਾ ਕਰਕੇ ਗੱਲ ਸੁਣੋ। ਕਿਰਪਾ ਕਰਕੇ ਉਨ੍ਹਾਂ ਮਾਵਾਂ, ਪਿਤਾਵਾਂ ਅਤੇ ਦੇਖਭਾਲ ਕਰਨ ਵਾਲਿਆਂ 'ਤੇ ਵਿਸ਼ਵਾਸ ਕਰੋ ਜੋ ਤੁਹਾਡੇ ਕੋਲ ਹਿਸਟੀਰੀਆ ਦੇ ਨਾਲ ਨਹੀਂ, ਬਲਕਿ ਦਿਲ ਨਾਲ ਆਉਂਦੇ ਹਨ। ਅਸੀਂ ਕਿਸੇ ਲੇਬਲ ਜਾਂ ਪੈਸਿਆਂ ਦੇ ਪਿੱਛੇ ਨਹੀਂ ਹਾਂ। ਅਸੀਂ ਆਪਣੇ ਬੱਚਿਆਂ ਨੂੰ ਉਨ੍ਹਾਂ ਜ਼ਿੰਦਗੀਆਂ 'ਤੇ ਸਭ ਤੋਂ ਵਧੀਆ ਸੰਭਵ ਰਾਹ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਜਿਨ੍ਹਾਂ ਦੇ ਉਹ ਹੱਕਦਾਰ ਹਨ।

ਮੈਨੂੰ ਆਪਣੀ ਆਵਾਜ਼ ਵਿੱਚ ਵਿਸ਼ਵਾਸ ਦੁਬਾਰਾ ਪ੍ਰਾਪਤ ਕਰਨ ਵਿੱਚ ਬਹੁਤ ਸਮਾਂ ਲੱਗਿਆ ਸੀ। ਕਾਸ਼ ਮੈਂ ਇਹ ਜਲਦੀ ਕਰ ਲਿਆ ਹੁੰਦਾ। ਪਰ ਹੁਣ ਮੈਂ ਬੋਲਦੀ ਹਾਂ - ਨਾ ਸਿਰਫ ਆਪਣੇ ਬੇਟੇ ਲਈ, ਬਲਕਿ ਹਰ ਮਾਪੇ ਲਈ ਜੋ ਅਜੇ ਵੀ ਆਪਣੀ ਗੱਲ ਸੁਣਾਉਣ ਲਈ ਕਿਸੇ ਦੀ ਭਾਲ ਕਰ ਰਿਹਾ ਹੈ।

ਅਤੇ ਤੁਹਾਡੇ ਲਈ, ਇਸ ਨੂੰ ਆਪਣੀ ਛਾਤੀ ਵਿੱਚ ਚਿੰਤਾ ਰੱਖ ਕੇ ਅਤੇ ਆਪਣੇ ਦਿਲ ਵਿੱਚ ਸਵਾਲਾਂ ਦੇ ਨਾਲ ਇਸ ਨੂੰ ਪੜ੍ਹ ਰਹੇ ਹੋ:
ਤੁਸੀਂ ਇਸ ਦੀ ਕਲਪਨਾ ਨਹੀਂ ਕਰ ਰਹੇ ਹੋ।
ਤੁਸੀਂ ਇਕੱਲੇ ਨਹੀਂ ਹੋ।
ਤੁਸੀਂ ਆਪਣੇ ਬੱਚੇ ਨੂੰ ਸਭ ਤੋਂ ਵਧੀਆ ਜਾਣਦੇ ਹੋ।

ਇਸ ਗੱਲ ਨੂੰ ਕਾਇਮ ਰੱਖੋ। ਇਹ ਕਿਸੇ ਵੀ ਚੀਜ਼ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ।

ਕਲੇਅਰ ਦੁਆਰਾ, ਇੱਕ ਮਾਂ ਜਿਸ ਨੇ ਚੁੱਪ ਰਹਿਣ ਤੋਂ ਇਨਕਾਰ ਕਰ ਦਿੱਤਾ ਸੀ